### ਤੱਥ ਸ਼ੀਟ 1 (ਪੰਜਾਬੀ)

This is the Punjabi factsheet.

# ਸਥਾਨਕ ਬਾਲਗ ਅਤੇ ਬਜ਼ੁਰਗਾਂ ਲਈ ਮਾਨਸਿਕ ਸਿਹਤ ਅਤੇ ਭਲਾਈ ਸੇਵਾਵਾਂ

ਵਿਕਟੋਰੀਆ ਦੀ ਸਰਕਾਰ 2026 ਦੇ ਅਖੀਰ ਤੱਕ, ਵਿਕਟੋਰੀਆ ਵਿੱਚ 60 ਸਥਾਨਕ ਬਾਲਗ ਅਤੇ ਬਜ਼ੁਰਗਾਂ ਲਈ ਮਾਨਸਿਕ ਸਿਹਤ ਅਤੇ ਭਲਾਈ ਸੇਵਾਵਾਂ (ਸਥਾਨਕ ਸੇਵਾਵਾਂ) ਦੀ ਸ਼ੁਰੂਆਤ ਕਰੇਗੀ। ਇਹ ਰੌਇਲ ਕਮਿਸ਼ਨ ਦੁਆਰਾ ਵਿਕਟੋਰੀਆ ਦੀ ਮਾਨਸਿਕ ਸਿਹਤ ਪ੍ਰਣਾਲੀ (ਰੌਇਲ ਕਮਿਸ਼ਨ) ਵਿੱਚ ਸਿਫਾਰਸ਼ ਕੀਤੇ ਗਏ ਪ੍ਰਮੁੱਖ ਸੁਧਾਰਾਂ ਵਿੱਚੋਂ ਇਕ ਹੈ।

ਸਥਾਨਕ ਸੇਵਾਵਾਂ ਦਾ ਨਵਾਂ ਤਾਣਾ-ਬਾਣਾ (ਨੈੱਟਵਰਕ) ਵਿਕਟੋਰੀਆ ਦੀ ਸੁਧਾਰੀ ਹੋਈ ਮਾਨਸਿਕ ਸਿਹਤ ਪ੍ਰਣਾਲੀ ਦਾ ਇਕ ਮਹੱਤਵਪੂਰਣ ਹਿੱਸਾ ਹੋਵੇਗਾ, ਜੋ ਇਲਾਜ ਅਤੇ ਸਹਾਇਤਾ ਪ੍ਰਾਪਤ ਕਰਨ ਦਾ ਇਕ ਸੌਖਾ ਤਰੀਕਾ ਪ੍ਰਦਾਨ ਕਰੇਗਾ। ਮਾਨਸਿਕ ਸਿਹਤ ਪ੍ਰਣਾਲੀ ਦੇ ਹੋਰ ਹਿੱਸੇ ਵੀ ਵੱਧ ਰਹੇ ਹਨ ਅਤੇ ਬਦਲ ਰਹੇ ਹਨ। ਇਕੱਠਿਆਂ, ਇਹਨਾਂ ਤਬਦੀਲੀਆਂ ਦਾ ਮਤਲਬ ਇਹ ਹੋਵੇਗਾ, ਕਿ ਮਾਨਸਿਕ ਬਿਮਾਰੀ ਜਾਂ ਮਨੋਵਿਗਿਆਨਕ ਪਰੇਸ਼ਾਨੀ ਦਾ ਸਾਹਮਣਾ ਕਰ ਰਹੇ ਲੋਕਾਂ ਨੂੰ ਉਹਨਾਂ ਦੇ ਭਾਈਚਾਰੇ ਵਿੱਚ ਰਹਿੰਦੇ ਹੋਏ, ਉਹਨਾਂ ਦੇ ਪਰਿਵਾਰਾਂ, ਸੰਭਾਲ ਕਰਤਾਵਾਂ ਅਤੇ ਸਮਰਥਕਾਂ ਦੇ ਨੇੜੇ, ਉਹਨਾਂ ਨੂੰ ਜਲਦੀ ਲੋੜੀਂਦੀ ਸਹਾਇਤਾ ਮਿਲ ਸਕਦੀ ਹੈ।

## ਸਥਾਨਕ ਸੇਵਾਵਾਂ ਦੀ ਵਰਤੋਂ ਕੌਣ ਕਰ ਸਕਦਾ ਹੈ?

ਸਥਾਨਕ ਸੇਵਾਵਾਂ **26 ਸਾਲ ਅਤੇ ਵੱਧ ਉਮਰ** ਦੇ ਉਹਨਾਂ ਲੋਕਾਂ ਨੂੰ ਉੱਚ ਗੁਣਵੱਤਾ ਵਾਲਾ ਇਲਾਜ, ਸੰਭਾਲ ਅਤੇ ਸਹਾਇਤਾ ਪ੍ਰਦਾਨ ਕਰਨਗੀਆਂ, ਜਿੰਨ੍ਹਾਂ ਨੂੰ ਮਾਨਸਿਕ ਬਿਮਾਰੀ ਜਾਂ ਮਨੋਵਿਗਿਆਨਕ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਅਤੇ ਜਿੰਨ੍ਹਾਂ ਨੂੰ:

- ਕੇਵਲ ਆਮ ਪ੍ਰੈਕਟੀਸ਼ਨਰਾਂ, ਨਿੱਜੀ ਮਨੋਵਿਗਿਆਨੀਆਂ ਅਤੇ ਮਨੋਚਿਕਿਤਸਕਾਂ ਤੋਂ ਮਿਲਦੀ ਸਹਾਇਤਾ ਨਾਲੋਂ **ਵਧੇਰੇ ਸਹਾਇਤਾ** ਦੀ ਲੋੜ ਹੁੰਦੀ ਹੈ,
- ਨਸ਼ੀਲੇ ਪਦਾਰਥਾਂ ਦੀ ਵਰਤੋਂ ਜਾਂ ਆਦਤ ਵਾਲੀਆਂ ਸਮੱਸਿਆਵਾਂ ਵੀ ਹੋ ਸਕਦੀਆਂ ਹਨ, ਪਰ
- ਖੇਤਰੀ ਮਾਨਸਿਕ ਸਿਹਤ ਅਤੇ ਭਲਾਈ ਸੇਵਾਵਾਂ (ਜਿਵੇਂ ਕਿ ਹਸਪਤਾਲ ਵਿੱਚ ਮਰੀਜ਼ ਸੰਭਾਲ) ਦੁਆਰਾ ਪ੍ਰਦਾਨ ਕੀਤੀ ਉੱਚ-ਤੀਬਰਤਾ ਅਤੇ ਗੁੰਝਲਦਾਰ ਸੰਭਾਲ ਦੀ ਕਿਸਮ ਦੀ ਲੋੜ **ਨਹੀਂ** ਹੁੰਦੀ ਹੈ।

ਉਹਨਾਂ ਲੋਕਾਂ ਵਾਸਤੇ ਜਿੰਨ੍ਹਾਂ ਦੀਆਂ ਜ਼ਿਆਦਾ ਜਾਂ ਵੱਖਰੀਆਂ ਲੋੜਾਂ ਹਨ, ਉਹਨਾਂ ਨੂੰ ਸਥਾਨਕ ਸੇਵਾਵਾਂ, ਸਹੀ ਸਥਾਨ ਨਾਲ ਜੁੜਨ ਵਿੱਚ ਸਹਾਇਤਾ ਕਰਨਗੀਆਂ

## ਸਥਾਨਕ ਸੇਵਾਵਾਂ ਕਿਹੜੀ ਸਹਾਇਤਾ ਪ੍ਰਦਾਨ ਕਰਨਗੀਆਂ?

ਰੌਇਲ ਕਮਿਸ਼ਨ ਦੀਆਂ ਸਿਫਾਰਸ਼ਾਂ ਦੇ ਅਨੁਸਾਰ, ਸਥਾਨਕ ਸੇਵਾਵਾਂ ਕਲੀਨਿਕੀ ਅਤੇ ਭਲਾਈ ਮਾਨਸਿਕ ਸਿਹਤ ਨੂੰ ਜੋੜਣਗੀਆਂ, ਜੋ ਬਹੁ-ਅਨੁਸ਼ਾਸਨੀ ਟੀਮ ਦੁਆਰਾ ਪ੍ਰਦਾਨ ਕੀਤੀਆਂ ਜਾਣਗੀਆਂ। ਸੇਵਾਵਾਂ ਵਿੱਚ ਸ਼ਾਮਲ ਹੋਣਗੀਆਂ:

- **ਕਲੀਨਿਕੀ ਇਲਾਜ ਅਤੇ ਚਿਕਿਤਸਾਵਾਂ** – ਜਿਵੇਂ ਕਿ ਮਾਨਸਿਕ ਸਿਹਤ ਮੁਲਾਂਕਣ ਅਤੇ ਮਨੋਵਿਗਿਆਨ ਸੇਵਾਵਾਂ, ਜਿਸ ਵਿੱਚ ਸ਼ਰਾਬ ਅਤੇ ਹੋਰ ਨਸ਼ੀਲੀਆਂ ਦਵਾਈਆਂ ਦੇ ਮੁੱਦੇ ਵੀ ਸ਼ਾਮਲ ਹਨ

- **ਭਲਾਈ ਸਹਾਇਤਾ** – ਜਿਵੇਂ ਕਿ ਮੁੜ-ਸਿਹਤਯਾਬ ਹੋਣ, ਰਿਸ਼ਤਿਆਂ ਨੂੰ ਮਜ਼ਬੂਤ ਕਰਨ, ਜੀਵਨ ਹੁਨਰਾਂ ਦਾ ਨਿਰਮਾਣ ਕਰਨ, ਭਾਈਚਾਰੇ ਵਿੱਚ ਸ਼ਾਮਲ ਹੋਣ ਅਤੇ ਸਰੀਰਕ ਬਿਮਾਰੀ, ਬੇਘਰੀ ਅਤੇ ਪੈਸੇ ਦੀਆਂ ਸਮੱਸਿਆਵਾਂ ਵਰਗੇ ਮੁੱਦਿਆਂ ਨੂੰ ਹੱਲ ਕਰਨ ਲਈ ਸਹਾਇਤਾ
- **ਸਿੱਖਿਆ, ਸਾਥੀਆਂ ਦੀ ਸਹਾਇਤਾ ਅਤੇ ਸਵੈ-ਸਹਾਇਤਾ** – ਤਜ਼ਰਬੇ ਅਤੇ ਵਿਚਾਰਾਂ ਨੂੰ ਸਾਂਝਾ ਕਰਨ ਅਤੇ ਇਕ ਦੂਜੇ ਤੋਂ ਸਿੱਖਣ ਲਈ ਮਾਨਸਿਕ ਬਿਮਾਰੀ, ਪਰਿਵਾਰਾਂ, ਸੰਭਾਲ ਕਰਤਾਵਾਂ ਅਤੇ ਸਮਰਥਕਾਂ ਦੇ ਜਿਉਂਦੇ ਤਜ਼ਰਬੇ ਵਾਲੇ ਹੋਰ ਲੋਕਾਂ ਨਾਲ ਜੁੜਨ ਦੇ ਮੌਕੇ
- **ਯੋਜਨਾਬੰਦੀ ਅਤੇ ਤਾਲਮੇਲ** – ਹੋਰ ਸਿਹਤ ਅਤੇ ਸਮਾਜਕ ਸਹਾਇਤਾ ਸੇਵਾਵਾਂ ਨੂੰ ਲੱਭਣ, ਪਹੁੰਚ ਕਰਨ ਅਤੇ ਨੇਵੀਗੇਟ ਕਰਨ ਵਿੱਚ ਮਦਦ ਕਰਨੀ।

ਸਥਾਨਕ ਸੇਵਾਵਾਂ ਦਾ ਫ਼ਲਸਫ਼ਾ ਹੋਵੇਗਾ 'ਅਸੀਂ ਕਿਵੇਂ ਮਦਦ ਕਰ ਸਕਦੇ ਹਾਂ?' ਹਰੇਕ ਸਥਾਨਕ ਸੇਵਾ ਕੋਲ ਸਥਾਨਕ ਭਾਈਚਾਰੇ ਦੀਆਂ ਵਿਲੱਖਣ ਲੋੜਾਂ ਦਾ ਜਵਾਬ ਦੇਣ ਵਾਲੀ ਲਚਕਤਾ ਹੋਵੇਗੀ।

## ਲੋਕ ਸਥਾਨਕ ਸੇਵਾਵਾਂ ਤੱਕ ਕਿਵੇਂ ਪਹੁੰਚ ਕਰਨਗੇ?

ਸਥਾਨਕ ਸੇਵਾਵਾਂ **ਮੁਫ਼ਤ** ਹੋਣਗੀਆਂ ਅਤੇ **ਪਹੁੰਚ ਕਰਨੀਆਂ ਸੌਖੀਆਂ ਹੋਣਗੀਆਂ,** ਜਿਸ ਵਿੱਚ ਕੋਈ ਸਿਫਾਰਸ਼ ਦੀ ਲੋੜ ਨਹੀਂ ਹੋਵੇਗੀ। ਉਨ੍ਹਾਂ ਦੇ ਖੁੱਲ੍ਹਣ ਦੇ ਘੰਟੇ ਲੰਬੇ ਸਮੇਂ ਵਾਲੇ ਹੋਣਗੇ। ਸਹਾਇਤਾ ਤੱਕ ਪਹੁੰਚ ਕਰਨ ਦੇ ਕਈ ਤਰੀਕੇ ਹੋਣਗੇ, ਜਿਵੇਂ ਕਿ:

- ਕਿਸੇ ਸੁਰੱਖਿਅਤ ਅਤੇ ਸਵਾਗਤਯੋਗ ਸਥਾਨ ਜਾਂ ਵਾਤਾਵਰਣ ਵਿੱਚ ਜਾਣਾ
- ਘਰ ਜਾਂ ਕਿਤੇ ਹੋਰ ਸੁਰੱਖਿਅਤ ਅਤੇ ਸੁਵਿਧਾਜਨਕ ਮੁਲਾਕਾਤਾਂ ਕਰਨਾ
- ਆਪਣੇ ਫ਼ੋਨ ਜਾਂ ਵੀਡੀਓ ਕਾਲ ਉੱਤੇ।

ਰੌਇਲ ਕਮਿਸ਼ਨ ਨੇ ਸਿਫਾਰਸ਼ ਕੀਤੀ ਸੀ, ਕਿ ਸੰਭਾਲ ਖਪਤਕਾਰਾਂ ਦੀ ਅਗਵਾਈ ਵਾਲੀ ਅਤੇ ਵਿਅਕਤੀ-ਕੇਂਦਰਿਤ ਹੋਵੇ। ਇਸ ਦਾ ਮਤਲਬ ਇਹ ਹੈ ਕਿ ਲੋਕ ਆਪਣੀ ਵਿਅਕਤੀਗਤ ਸੰਭਾਲ ਦੀ ਯੋਜਨਾ ਬਨਾਉਣ ਲਈ, ਆਪਣੀ ਸਥਾਨਕ ਸੇਵਾ ਨਾਲ ਕੰਮ ਕਰਨ ਦੇ ਯੋਗ ਹੋਣਗੇ। ਜਦੋਂ ਉਹ ਪਹਿਲੀ ਵਾਰ ਆਪਣੀ ਸਥਾਨਕ ਸੇਵਾ ਨਾਲ ਸੰਪਰਕ ਕਰਨਗੇ, ਤਾਂ ਉਹ ਇਸ ਬਾਰੇ ਗੱਲ ਕਰਨ ਦੇ ਯੋਗ ਹੋਣਗੇ ਕਿ ਉਹਨਾਂ ਨੂੰ ਕੀ ਚਾਹੀਦਾ ਹੈ। ਇਸ ਤੋਂ ਬਾਅਦ, ਜੇ ਜ਼ਰੂਰੀ ਹੋਵੇ, ਤਾਂ ਵਿਅਕਤੀ ਦੀਆਂ ਸਾਰੀਆਂ ਲੋੜਾਂ ਦਾ ਸੰਪੂਰਨ ਮੁਲਾਂਕਣ ਕੀਤਾ ਜਾਵੇਗਾ। ਜੇ ਉਚਿਤ ਹੋਵੇ, ਉਹਨਾਂ ਦੀ ਸੰਭਾਲ ਯੋਜਨਾ ਦੇ ਆਧਾਰ ਤੇ, ਉਹਨਾਂ ਨੂੰ ਸਾਂਝੀ ਕਲੀਨਿਕੀ ਅਤੇ ਭਲਾਈ ਮਾਨਸਿਕ ਸਿਹਤ ਸੰਭਾਲ ਪ੍ਰਾਪਤ ਹੋਵੇਗੀ, ਜਿਸ ਵਿੱਚ ਸ਼ਰਾਬ ਅਤੇ ਹੋਰ ਨਸ਼ੀਲੀ ਦਵਾਈ ਦਾ ਇਲਾਜ ਅਤੇ ਸੰਭਾਲ ਸ਼ਾਮਲ ਹੈ।

## ਸਥਾਨਕ ਸੇਵਾਵਾਂ, ਸੁਧਾਰੀ ਮਾਨਸਿਕ ਸਿਹਤ ਪ੍ਰਣਾਲੀ ਦੇ ਹੋਰ ਹਿੱਸਿਆਂ ਨਾਲ ਕਿਵੇਂ ਕੰਮ ਕਰਨਗੀਆਂ?

ਸਥਾਨਕ ਸੇਵਾਵਾਂ, ਵਿਕਟੋਰੀਆ ਦੀ ਸੁਧਾਰੀ ਮਾਨਸਿਕ ਸਿਹਤ ਅਤੇ ਭਲਾਈ ਪ੍ਰਣਾਲੀ ਦਾ ਇਕ ਮਹੱਤਵਪੂਰਣ ਹਿੱਸਾ ਹੋਣਗੀਆਂ। ਸੁਧਾਰੀ ਗਈ ਪ੍ਰਣਾਲੀ ਦੇ ਛੇ ਪੱਧਰ ਹਨ (ਦੇਖੋ ਤਸਵੀਰ 1)। ਸਥਾਨਕ ਸੇਵਾਵਾਂ, ਚੌਥਾ ਪੱਧਰ ਅਤੇ ਪ੍ਰਣਾਲੀ ਦਾ ਨਵਾਂ 'ਸਾਹਮਣਾ ਦਰਵਾਜ਼ਾ' ਹਨ। ਲੋਕਾਂ ਲਈ ਪ੍ਰਣਾਲੀ ਦੇ ਆਲੇ-ਦੁਆਲੇ ਘੁੰਮਣਾ ਅਤੇ ਸਹੀ ਜਗ੍ਹਾ ਵਿੱਚ ਸਹੀ ਦੇਖਭਾਲ ਪ੍ਰਾਪਤ ਕਰਨਾ ਸੌਖਾ ਹੋਵੇਗਾ।




*ਤਸਵੀਰ 1 ਮਾਨਸਿਕ ਸਿਹਤ ਅਤੇ ਭਲਾਈ ਪ੍ਰਣਾਲੀ ਦੇ ਪੱਧਰ*

ਸਥਾਨਕ ਸੇਵਾਵਾਂ, ਸਥਾਨਕ ਭਾਈਚਾਰੇ ਵਿੱਚ ਆਮ ਪ੍ਰੈਕਟੀਸ਼ਨਰਾਂ, ਨਿੱਜੀ ਮਨੋਚਿਕਿਤਸਕਾਂ ਅਤੇ ਮਨੋਵਿਗਿਆਨੀਆਂ ਅਤੇ ਸ਼ਰਾਬ ਅਤੇ ਹੋਰ ਨਸ਼ੀਲੀ ਦਵਾਈ ਦੇ ਇਲਾਜ ਪ੍ਰਦਾਤਿਆਂ (ਤੀਜੇ ਪੱਧਰ) ਦੇ ਨਾਲ ਕੰਮ ਕਰਨਗੀਆਂ। ਉਦਾਹਰਣ ਲਈ, ਕੋਈ ਵਿਅਕਤੀ ਆਪਣੀ ਸਥਾਨਕ ਸੇਵਾ ਤੋਂ ਆਪਣੇ ਜਨਰਲ ਪ੍ਰੈਕਟੀਸ਼ਨਰ **ਅਤੇ** ਭਲਾਈ ਸਹਾਇਤਾ ਤੋਂ ਇਲਾਜ ਪ੍ਰਾਪਤ ਕਰ ਸਕਦਾ ਹੈ। ਸਹਾਇਤਾ ਵਿੱਚ ਜੀਵਨ ਹੁਨਰਾਂ ਦੇ ਨਿਰਮਾਣ ਵਿੱਚ ਮਦਦ ਜਾਂ ਬੇਘਰੀ ਵਰਗੇ ਮਹੱਤਵਪੂਰਣ ਮੁੱਦੇ ਨੂੰ ਹੱਲ ਕਰਨਾ ਸ਼ਾਮਲ ਹੋ ਸਕਦਾ ਹੈ।

ਜਦੋਂ ਕਿਸੇ ਵਿਅਕਤੀ ਦੀਆਂ ਲੋੜਾਂ ਬਦਲ ਜਾਂਦੀਆਂ ਹਨ ਅਤੇ ਉਹਨਾਂ ਨੂੰ ਘੱਟ ਜਾਂ ਵੱਧ ਤੀਬਰ ਇਲਾਜ ਦੀ ਲੋੜ ਹੁੰਦੀ ਹੈ, ਤਾਂ ਉਹਨਾਂ ਦੀ ਸੰਭਾਲ ਨੂੰ ਖੇਤਰੀ ਸੇਵਾਵਾਂ (ਪੰਜਵੇਂ ਪੱਧਰ) ਵਿੱਚ ਅਤੇ ਉਹਨਾਂ ਤੋਂ ਸੁਚਾਰੂ ਢੰਗ ਨਾਲ ਤਬਦੀਲ ਕੀਤਾ ਜਾ ਸਕਦਾ ਹੈ। ਲੋਕ ਖੇਤਰੀ ਸੇਵਾਵਾਂ ਤੱਕ ਪਹੁੰਚ ਕਰਨ ਦੇ ਯੋਗ ਹੋਣਗੇ ਜਿੰਨ੍ਹਾਂ ਕੋਲ ਇਹ ਹੈ:

- ਉਹਨਾਂ ਦੀ ਸਥਾਨਕ ਸੇਵਾ ਤੋਂ ਸਿਫਾਰਸ਼
- ਉਹਨਾਂ ਦੇ ਆਮ ਪ੍ਰੈਕਟੀਸ਼ਨਰ ਤੋਂ ਸਿਫਾਰਸ਼, ਜਾਂ
- ਐਮਰਜੈਂਸੀ ਵਿਭਾਗ ਵਿੱਚ ਹਾਜ਼ਰ ਹੋਣਾ।

ਦੋ, ਤਿੰਨ ਅਤੇ ਚਾਰ ਪੱਧਰ ਦੀਆਂ ਸੇਵਾਵਾਂ, ਇਲਾਜ ਅਤੇ ਸੰਭਾਲ ਪ੍ਰਦਾਨ ਕਰਨ ਲਈ ਮਿਲ ਕੇ ਕੰਮ ਕਰਦੀਆਂ ਹਨ। ਉਦਾਹਰਣ ਲਈ, ਸਥਾਨਕ ਸੇਵਾਵਾਂ, ਜਨਰਲ ਪ੍ਰੈਕਟੀਸ਼ਨਰ, ਮਨੋਵਿਗਿਆਨੀ ਅਤੇ ਮਨੋਚਿਕਿਤਸਕ ਆਪਣੇ ਭਾਈਚਾਰਿਆਂ ਵਿੱਚ ਕੰਮ ਕਰ ਰਹੇ ਹਨ, ਤੀਬਰ ਮਾਨਸਿਕ ਸਿਹਤ ਅਤੇ ਆਦਤ ਮਾਹਰਾਂ ਕੋਲੋਂ, ਮਾਹਰਾਂ ਦੀ ਸਲਾਹ ਤੱਕ ਪਹੁੰਚ ਕਰਨ ਦੇ ਯੋਗ ਹੋਣਗੇ। ਇਸ ਨਾਲ ਸਥਾਨਕ ਸੇਵਾਵਾਂ ਦੇ ਹੁਨਰ ਅਤੇ ਸਮਰੱਥਾ ਵੀ ਵਧੇਗੀ।

## ਸਥਾਨਕ ਸੇਵਾਵਾਂ ਕਦੋਂ ਖੁੱਲ੍ਹਣਗੀਆਂ?

2022 ਦੇ ਅੰਤ ਤੱਕ, ਪਹਿਲੀਆਂ ਛੇ ਸਥਾਨਕ ਸੇਵਾਵਾਂ ਸਥਾਪਤ ਕੀਤੀਆਂ ਜਾਣਗੀਆਂ, ਜਿੰਨ੍ਹਾਂ ਵਿੱਚ ਸ਼ਾਮਲ ਹਨ:

- ਬੇਨਾਲਾ
- ਬ੍ਰਿਮਬੈਂਕ
- ਫਰੈਂਕਸਟਨ
- ਗ੍ਰੇਟਰ ਜੀਲੌਂਗ
- ਲੈਟਰੋਬ ਵੈਲੀ
- ਵਿਟਲਸੀ।

2026 ਦੇ ਅੰਤ ਤੱਕ, ਅਸੀਂ ਸਾਰੇ ਵਿਕਟੋਰੀਆ ਵਾਸੀਆਂ ਲਈ ਸੇਵਾਵਾਂ ਸਥਾਪਤ ਕਰਨ ਦੀ ਯੋਜਨਾ ਬਣਾ ਰਹੇ ਹਾਂ।

## ਸਥਾਨਕ ਸੇਵਾਵਾਂ ਦੇ ਬਾਰੇ ਮੈਂ ਕਿਵੇਂ ਕੁਝ ਕਹਿ ਸਕਦਾ/ਦੀ ਹਾਂ?

ਰੌਇਲ ਕਮਿਸ਼ਨ ਦੀ ਅੰਤਿਮ ਰਿਪੋਰਟ ਦੇ ਆਧਾਰ ਤੇ, ਨਵੀਆਂ ਸਥਾਨਕ ਸੇਵਾਵਾਂ ਦੀਆਂ ਬਹੁਤ ਸਾਰੀਆਂ ਵਿਸ਼ੇਸ਼ਤਾਵਾਂ ਦਾ ਫੈਸਲਾ ਪਹਿਲਾਂ ਹੀ ਕੀਤਾ ਜਾ ਚੁੱਕਾ ਹੈ। ਪਰ ਫਿਰ ਵੀ, ਇਸ ਬਾਰੇ ਕਹਿਣ ਦੇ ਮੌਕੇ ਹੋਣਗੇ :

- ਜਦੋਂ ਤੁਸੀਂ ਸਥਾਨਕ ਸੇਵਾ ਦੀ ਵਰਤੋਂ ਕਰਦੇ ਹੋ ਤਾਂ ਤੁਸੀਂ ਕੀ ਅਨੁਭਵ ਕਰਨਾ ਚਾਹੁੰਦੇ ਹੋ।
- ਇਲਾਜ, ਸੰਭਾਲ ਅਤੇ ਸਹਾਇਤਾ ਮਾਡਲ ਦਾ ਡਿਜ਼ਾਈਨ।

ਅਸੀਂ ਇਸ ਤਜ਼ਰਬੇ ਨਾਲ ਜੀਣ ਵਾਲੇ ਲੋਕਾਂ, ਪਰਿਵਾਰਾਂ, ਸੰਭਾਲ ਕਰਤਾਵਾਂ ਅਤੇ ਸਮਰਥਕਾਂ, ਕਾਰਜਬਲ, ਸੇਵਾ ਪ੍ਰਦਾਨਕਾਂ, ਚੋਟੀ ਦੀਆਂ ਸੰਸਥਾਵਾਂ ਅਤੇ ਵਕਾਲਤੀ ਸਮੂਹਾਂ ਨਾਲ ਸਲਾਹ-ਮਸ਼ਵਰਾ ਕਰਾਂਗੇ। ਇਸ ਵਿੱਚ ਹਰੇਕ ਭਾਈਚਾਰੇ ਦੀਆਂ ਵਿਸ਼ੇਸ਼ ਲੋੜਾਂ ਨੂੰ ਸਮਝਣ ਲਈ ਸਥਾਨਕ ਸਲਾਹ-ਮਸ਼ਵਰਾ ਸ਼ਾਮਲ ਹੋਵੇਗਾ। ਹਿੱਸਾ ਕਿਵੇਂ ਲੈਣਾ ਹੈ, ਇਸ ਬਾਰੇ ਜਾਣਕਾਰੀ ਵਾਸਤੇ, Engage Victoria ਪਲੇਟਫਾਰਮ ਉੱਤੇ ਜਾਓ
<https://engage.vic.gov.au/local-adult-older-adult-mental-health-wellbeing-services>

## ਵਿਕਟੋਰੀਆ ਦੀ ਮਾਨਸਿਕ ਸਿਹਤ ਪ੍ਰਣਾਲੀ ਵਿੱਚ ਰੌਇਲ ਕਮਿਸ਼ਨ ਕੀ ਸੀ?

ਰੌਇਲ ਕਮਿਸ਼ਨ ਨੇ ਦੇਖਿਆ ਕਿ ਇਕ ਮਾਨਸਿਕ ਸਿਹਤ ਅਤੇ ਭਲਾਈ ਪ੍ਰਣਾਲੀ ਕਿਵੇਂ ਬਣਾਈ ਜਾਵੇ, ਜੋ ਸਾਰੇ ਵਿਕਟੋਰੀਆ ਵਾਸੀਆਂ ਲਈ ਸੰਪੂਰਨ ਇਲਾਜ, ਸੰਭਾਲ ਅਤੇ ਸਹਾਇਤਾ ਪ੍ਰਦਾਨ ਕਰਦੀ ਹੈ। ਰੌਇਲ ਕਮਿਸ਼ਨ ਦੀ ਅੰਤਿਮ ਰਿਪੋਰਟ ਫਰਵਰੀ 2021 ਵਿੱਚ ਦਿੱਤੀ ਗਈ ਸੀ, ਅਤੇ ਇਹ ਵਿਕਟੋਰੀਆ ਦੀ ਮਾਨਸਿਕ ਸਿਹਤ ਪ੍ਰਣਾਲੀ ਵਿੱਚ ਰੌਇਲ ਕਮਿਸ਼ਨ ਦੀ ਵੈੱਬਸਾਈਟ ਉੱਤੇ ਉਪਲਬਧ ਹੈ
<http://rcvmhs.archive.royalcommission.vic.gov.au/index.html>
ਤੁਸੀਂ ਇਸ ਬਾਰੇ ਵੀ ਪੜ੍ਹ ਸਕਦੇ ਹੋ ਕਿ ਅਸੀਂ ਸਿਹਤ ਬਾਰੇ ਰੌਇਲ ਕਮਿਸ਼ਨ ਦੀਆਂ ਸਿਫਾਰਸ਼ਾਂ ਨੂੰ ਕਿਵੇਂ ਲਾਗੂ ਕਰ ਰਹੇ ਹਾਂ: ਵਿਕ ਮੈਂਟਲ ਹੈਲਥ ਰਿਫਾਰਮ ਵੈੱਬਸਾਈਟ <https://www2.health.vic.gov.au/mental-health/mental-health-reform>

ਆਖਰੀ ਵਾਰ ਅੱਪਡੇਟ ਕੀਤਾ ਗਿਆ: 29 ਜੁਲਾਈ 2021

ਇਸ ਦਸਤਾਵੇਜ਼ ਨੂੰ ਕਿਸੇ ਹੋਰ ਰੂਪ ਵਿੱਚ ਪ੍ਰਾਪਤ ਕਰਨ ਲਈ, ਫ਼ੋਨ ਕਰੋ 1300 650 172, ਲੋੜ ਪੈਣ ਤੇ ਨੈਸ਼ਨਲ ਰਿਲੇਅ ਸਰਵਿਸ 13 36 77 ਦੀ ਵਰਤੋਂ ਕਰਕੇ, ਜਾਂ ਸਥਾਨਕ ਬਾਲਗ ਅਤੇ ਬਜ਼ੁਰਗ ਮਾਨਸਿਕ ਸਿਹਤ ਅਤੇ ਭਲਾਈ ਟੀਮ ਨੂੰ ਈਮੇਲ ਕਰੋ <localservices@health.vic.gov.au>

ਵਿਕਟੋਰੀਆ ਦੀ ਸਰਕਾਰ, 1 Treasury Place, Melbourne ਦੁਆਰਾ ਅਧਿਕਾਰਤ ਅਤੇ ਪ੍ਰਕਾਸ਼ਿਤ।

© ਸਟੇਟ ਆਫ ਵਿਕਟੋਰੀਆ, Australia, ਸਿਹਤ ਵਿਭਾਗ, ਜੁਲਾਈ 2021

ISBN/ISSN ISBN 978-1-76096-481-8 (online/PDF/Word)

ਸਥਾਨਕ ਬਾਲਗ ਅਤੇ ਬਜ਼ੁਰਗ ਮਾਨਸਿਕ ਸਿਹਤ ਅਤੇ ਭਲਾਈ ਸੇਵਾ - Engage Victoria ਵੈੱਬਸਾਈਟ <https://engage.vic.gov.au/local-adult-older-adult-mental-health-wellbeing-services> ਵਿਖੇ ਉਪਲਬਧ